# ਵਰਕਸ਼ੀਟ

ਹੇਠ ਲਿਖਿਆਂ ਵਿੱਚੋਂ ਠੀਕ ਉੱਤਰ 'ਤੇ ਸਹੀ (✓) ਦਾ ਨਿਸ਼ਾਨ ਲਗਾਓ ।

1. **ਹੇਠ ਲਿਖਿਆਂ ਵਿੱਚੋਂ ਕਿਹੜਾ ਅੰਗ ਹੈ ਜੋ ਸਾਡੇ ਆਲ਼ੇ-ਦੁਆਲ਼ੇ ਦੀਆਂ ਵਸਤੂਆਂ ਨੂੰ ਪਹਿਚਾਨਣ ਅਤੇ ਅਨੁਭਵ ਕਰਨ ਵਿੱਚ ਮਦਦ ਨਹੀਂ ਕਰਦਾ?**

   ੳ) ਅੱਖਾਂ　　ਅ) ਨੱਕ　　ੲ) ਕੰਨ　　ਸ) ਬਾਂਹ

2. **ਜਦੋਂ ਤੁਹਾਡੀ ਮੰਮੀ ਤੁਹਾਨੂੰ ਪਿਆਰ ਨਾਲ ਬੁੱਕਲ ਵਿੱਚ ਲੈਂਦੀ ਹੈ, ਤਾਂ..............**

   ੳ) ਤੁਸੀਂ ਗੁੱਸੇ ਹੋ ਜਾਂਦੇ ਹੋ।　　ਅ) ਤੁਸੀਂ ਸ਼ਰਾਰਤਾਂ ਕਰਨ ਲੱਗ ਜਾਂਦੇ ਹੋ।

   ੲ) ਤੁਸੀਂ ਖੁਸ਼ ਹੋ ਜਾਂਦੇ ਹੋ।　　ਸ) ਮੰਮੀ ਨਾਲ ਲੜ ਪੈਂਦੇ ਹੋ।

3. **ਹੇਠ ਲਿਖਿਆਂ ਵਿੱਚੋਂ ਦੱਸੋ, ਕਿਹੜੀ ਚੀਜ਼ ਦੀ ਖੁਸ਼ਬੂ ਤੁਹਾਨੂੰ ਚੰਗੀ ਨਹੀਂ ਲੱਗਦੀ?**

   ੳ) ਗੁਲਾਬ ਦੇ ਫੁੱਲ ਦੀ　　ਅ) ਪੁਦੀਨੇ ਦੀ　　ੲ) ਧਨੀਏ ਦੀ　　ਸ) ਕੂੜੇ ਦੇ ਢੇਰ ਦੀ

4. **ਮਨੁੱਖਾਂ ਵਾਂਗ ......................ਵੀ ਭਾਵਨਾਵਾਂ ਨੂੰ ਮਹਿਸੂਸ ਕਰਦੇ ਹਨ।**

   ੳ) ਜਾਨਵਰ　　ਅ) ਭਾਂਡੇ　　ੲ) ਪੱਥਰ　　ਸ) ਉਪਰੋਕਤ ਵਿੱਚੋਂ ਕੋਈ ਨਹੀਂ

5. **ਇੱਕ ਅਣਜਾਣ ਵਿਅਕਤੀ ਨੇ ਕਿਰਨ ਦੀ ਪਿੱਠ 'ਤੇ ਹੱਥ ਫੇਰਿਆ, ਜਿਸ ਨਾਲ਼ ਉਸ ਨੂੰ ਬਹੁਤ ਬੁਰਾ ਲੱਗਿਆ। ਕਿਰਨ ਨੂੰ ਕੀ ਕਰਨਾ ਚਾਹੀਦਾ ਹੈ?**



Scanned with CamScanner

ੳ) ਉੱਥੋਂ ਦੌੜ ਜਾਣਾ ਚਾਹੀਦਾ ਹੈ। ਅ) ਉੱਚੀ ਰੌਲ਼ਾ ਪਾਉਣਾ ਚਾਹੀਦਾ ਹੈ।
ੲ) ਤੁਰੰਤ ਜਾ ਕੇ ਵੱਡਿਆਂ ਨੂੰ ਦੱਸਣਾ ਚਾਹੀਦਾ ਹੈ। ਸ) ਉਪਰੋਕਤ ਸਾਰਾ ਕੁਝ ਕਰਨਾ ਚਾਹੀਦਾ ਹੈ।

6. **ਘੱਟ ਤੋਂ ਘੱਟ ਕੂੜਾ ਕਰਕਟ ਪੈਦਾ ਹੋਵੇ, ਇਸ ਲਈ ਸਾਨੂੰ ਕੀ ਕਰਨਾ ਚਾਹੀਦਾ ਹੈ?**
ੳ) ਪਾਲੀਥੀਨ ਦੇ ਲਿਫ਼ਾਫੇ ਵੱਧ ਤੋਂ ਵੱਧ ਵਰਤਣੇ ਚਾਹੀਦੇ ਹਨ।
ਅ) ਛਿਲਕੇ ਪਾਲੀਥੀਨ ਦੇ ਲਿਫ਼ਾਫੇ ਵਿੱਚ ਪਾ ਕੇ ਸੜਕ 'ਤੇ ਸੁੱਟ ਦੇਣੇ ਚਾਹੀਦੇ ਹਨ।
ੲ) ਪਾਲੀਥੀਨ ਦੇ ਲਿਫ਼ਾਫਿਆਂ ਦੀ ਵਰਤੋਂ ਘੱਟ ਤੋਂ ਘੱਟ ਕਰਨੀ ਚਾਹੀਦੀ ਹੈ।
ਸ) ਕੂੜਾਦਾਨਾਂ ਦੀ ਵਰਤੋਂ ਨਹੀਂ ਕਰਨੀ ਚਾਹੀਦੀ।

7. **ਹੇਠ ਲਿਖਿਆਂ ਵਿੱਚੋਂ ਕਿਹੜੀ ਚੀਜ਼ ਚਟਣੀ ਬਣਾਉਣ ਲਈ ਵਰਤੀ ਜਾਂਦੀ ਹੈ?**
ੳ) ਪੁਦੀਨਾ ਅ) ਆਲੂ ੲ) ਆਟਾ ਸ) ਮਟਰ

8. **ਫੁੱਲਾਂ ਦੀ ਖ਼ੁਸ਼ਬੂ ਕਿਹੋ-ਜਿਹੀ ਹੁੰਦੀ ਹੈ?**
ੳ) ਇੱਕੋ-ਜਿਹੀ ਹੁੰਦੀ ਹੈ। ਅ) ਵੱਖੋ-ਵੱਖਰੀ ਹੁੰਦੀ ਹੈ।
ੲ) ਕੋਈ ਖ਼ੁਸ਼ਬੂ ਨਹੀਂ ਹੁੰਦੀ। ਸ) ਉਪਰੋਕਤ ਵਿੱਚੋਂ ਕੁਝ ਵੀ ਨਹੀਂ ਹੁੰਦਾ।

9. **ਗੁੱਸਾ ਅਤੇ ਖ਼ੁਸ਼ੀ ਸਾਡੀਆਂ ............... ਹਨ ਜਿਨ੍ਹਾਂ ਨੂੰ ਸਾਡਾ ਮਨ ਮਹਿਸੂਸ ਕਰਦਾ ਹੈ।**
ੳ) ਔਗੁਣ ਅ) ਭਾਵਨਾਵਾਂ ੲ) ਗੁਣ ਸ) ਇੱਛਾਵਾਂ

10. **ਹੇਠ ਲਿਖਿਆਂ ਵਿੱਚੋਂ ਫੁੱਲਾਂ ਬਾਰੇ ਕਿਹੜੀ ਗੱਲ ਸਹੀ ਹੈ?**
ੳ) ਫੁੱਲ ਸਿਰਫ਼ ਲਾਲ ਰੰਗ ਦੇ ਹੁੰਦੇ ਹਨ। ਅ) ਫੁੱਲ ਸਿਰਫ਼ ਚਿੱਟੇ ਰੰਗ ਦੇ ਹੁੰਦੇ ਹਨ।
ੲ) ਫੁੱਲ ਸਿਰਫ਼ ਪੀਲੇ ਰੰਗ ਦੇ ਹੁੰਦੇ ਹਨ। ਸ) ਫੁੱਲ ਕਈ ਰੰਗਾਂ ਦੇ ਹੁੰਦੇ ਹਨ।

11. **ਪਾਰਕ ਦੇ ਮਾਲੀ ਨੇ ਅਰਸ਼ ਨੂੰ ਪਾਰਕ ਵਿੱਚੋਂ ਆਪਣਾ ਪਾਲਤੂ ਕੁੱਤਾ ਬਾਹਰ ਲਿਜਾਣ ਲਈ ਕਿਹਾ। ਹੁਣ ਅਰਸ਼ ਨੂੰ ਮਾਲੀ ਨਾਲ਼ ..................**
ੳ) ਗੁੱਸੇ ਹੋ ਜਾਣਾ ਚਾਹੀਦਾ ਹੈ। ਅ) ਮਾਲੀ ਨਾਲ ਲੜਨਾ ਚਾਹੀਦਾ ਹੈ।
ੲ) ਮਾਲੀ ਦਾ ਕਹਿਣਾ ਮੰਨਣਾ ਚਾਹੀਦਾ ਹੈ। ਸ) ਮਾਲੀ ਦਾ ਕਹਿਣਾ ਨਹੀਂ ਮੰਨਣਾ ਚਾਹੀਦਾ।

12. **ਅਸੀਂ ਆਪਣੇ ਆਲ਼ੇ-ਦੁਆਲ਼ੇ ਦੀਆਂ ਚੀਜ਼ਾਂ ਨੂੰ ਕਿਵੇਂ ਪਹਿਚਾਣਦੇ ਹਾਂ ?**
ੳ) ਸਿਰਫ਼ ਦੇਖ ਕੇ ਅਤੇ ਸੁਣ ਕ ਅ) ਸਿਰਫ਼ ਛੂਹ ਕੇ
ੲ) ਸਿਰਫ਼ ਸੁੰਘ ਕੇ ਸ) ਉਪਰੋਕਤ ਸਾਰੇ ਢੰਗਾਂ ਨਾਲ

**ਅਧਿਆਪਕ ਪੂਰਾ ਅਧਿਆਇ ਕਰਵਾਉਣ ਤੋਂ ਬਾਅਦ ਦਿੱਤੀ ਵਰਕਸ਼ੀਟ ਬੱਚਿਆਂ ਨੂੰ ਕਰਵਾ ਕੇ ਦੇਖਣਗੇ ਕਿ ਕਿੰਨੇ ਬੱਚਿਆਂ ਨੇ ਸਿੱਖਣ ਪਰਿਣਾਮ ਪ੍ਰਾਪਤ ਕੀਤੇ ਹਨ?**

| ਪ੍ਰਤੀਸ਼ਤ | 30% ਤੋਂ ਘੱਟ | 30% - 80% ਤੱਕ | 80% ਤੋਂ ਵੱਧ |
|---|---|---|---|
| ਵਿਦਿਆਰਥੀਆਂ ਦੀ ਗਿਣਤੀ | | | |



Scanned with CamScanner